Surrey Schools
LEADERSHIP IN LEARNING

Tel: 604.596.7733
www.sd36.bc.ca

Internet safety

(Punjabi Translation)

ਇੰਨਟਰਨੈਟ ਤੋਂ ਰੱਖਿਆ

ਇੰਨਟਰਨੈਟ ਬਾਰੇ ਕੀ ਫਿਕਰਮੰਦ ਵਿਚਾਰਾਂ ਹਨ?

ਸਰ੍ਹੀ ਸਕੂਲ ਡਿਸਟਰਿਕਟ ਦਾ ਇਹ ਵਿਚਾਰ ਹੈ ਕਿ ਅੱਜ ਦੇ ਵਾਤਾਵਰਨ ਵਿੱਚ ਸਿੱਖਣ ਅਤੇ ਕੰਮ ਕਰਨ ਲਈ ਮਸ਼ੀਨੀ ਵਿੱਦਿਆ ਦਾ ਹੋਣਾ ਬਹੁਤ ਜ਼ਰੂਰੀ ਹੈ। ਕਾਫੀ ਧਿਆਨ ਰੱਖਣ ਦੇ ਬਾਵਜੂਦ ਵੀ ਇੰਨਟਰਨੈਟ ਦੀ ਗਲਤ ਵਰਤੋਂ ਹੁੰਦੀ ਹੈ। ਇਸ ਰਾਹੀਂ ਅਢੁਕਵੀਂ ਜਾਣਕਾਰੀ ਭੇਜਣੀ ਜਾਂ ਪ੍ਰਾਪਤ ਕਰਨੀ, (ਜਿਸ ਤਰਾਂ ਜ਼ਾਤ ਪਾਤ ਸਬੰਧੀ, ਗੰਦੀਆਂ ਤਸਵੀਰਾਂ, ਲਿੰਗ ਦੇ ਭੇਦ ਬਾਰੇ, ਕਿਸੇ ਦੀ ਬਦਨਾਮੀ ਬਾਰੇ) ਜਾਂ ਹੋਰਾਂ ਨਾਲ ਚੈਟ ਦੇ ਕਮਰਿਆਂ ਵਿੱਚ ਸਬੰਧ ਜੋੜਨੇ ਕਾਫੀ ਸੰਭਵ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਇੰਨਟਰਨੈਟ ਰਾਹੀਂ ਕਾਫੀ ਤਰਾਂ ਦੀ ਢੁੰਗੀ ਜਾਣਕਾਰੀ ਬੱਚਿਆਂ ਦੇ ਪੜ੍ਹਨ ਲਈ ਮਿਲਦੀ ਹੈ, ਪਰ ਜਦੋਂ ਇਸ ਮੀਡੀਅਮ ਰਾਹੀਂ ਓਪਰੇ ਇਨਸਾਨ ਬੱਚਿਆਂ ਨਾਲ ਸਬੰਧ ਜੋੜਦੇ ਹਨ ਤਾਂ ਇਹ ਫਿਕਰਮੰਦ ਸਥਿਤੀ ਬਣਦੀ ਹੈ।

ਇਸ ਮੀਡੀਅਮ ਦੀ ਗਲਤ ਵਰਤੋਂ ਨੂੰ ਘਟਾਓਣ ਬਾਰੇ ਸਰ੍ਹੀ ਸਕੂਲ ਡਿਸਟਰਿਕਟ ਕੀ ਕਰ ਰਹੀ ਹੈ?

ਬੀ.ਸੀ. ਦੇ ਸਾਰੇ ਸਕੂਲਾਂ ਵਿੱਚ ਇੰਨਟਰਨੈਟ ਇੱਕ ਗੌਰਮਿੰਟ ਦੀ ਸ਼ਾਖਾ, ਪੀ ਐਲ ਨੈਟ ਰਾਹੀਂ ਸਥਾਪਿਤ ਕੀਤਾ ਗਿਆ ਹੈ। ਇਹ ਇਸ ਮੀਡੀਅਮ ਵਿੱਚ ਕੋਈ ਨੁਕਸ ਪੈਣ ਤੋਂ ਜਾਂ ਗਲਤ ਥਾਵਾਂ ਤੇ ਬੱਚਿਆਂ ਨੂੰ ਜਾਣ ਤੋਂ ਬੰਨ ਲਾ ਦਿੰਦੀ ਹੈ, ਜਿਵੇਂ ਕਿ ਗੰਦੀਆਂ ਤਸਵੀਰਾਂ ਵਾਲੀਆਂ ਥਾਵਾਂ ਤੋਂ।

ਸਕੂਲ ਡਿਸਟਰਿਕਟ ਦੀਆਂ ਜ਼ਿਮੇਵਾਰੀਆਂ

- ਬੱਚਿਆਂ ਦੀ ਓਮਰ ਮੁਤਾਬਿਕ ਸਾਫ ਅਤੇ ਜ਼ਿਮੇਵਾਰ ਸਿੱਖਿਆ ਦੇਣੀ
- ਹਰ ਕੋਸ਼ਿਸ਼ ਕਰਨੀ ਕਿ ਬੱਚੇ ਇੰਨਟਰਨੈਟ ਦੀ ਵਰਤੋਂ ਠੀਕ ਕਰਨ
- ਗਲਤ ਇਸ਼ਤੇਮਾਲ ਕਰਨ ਵਾਲਿਆਂ ਦੀ ਪੂਰੀ ਤਰਾਂ ਜਾਂਚ ਪੜਤਾਲ ਕਰਨੀ ਅਤੇ ਸਜ਼ਾ ਦੇਣੀ
- ਸਕੂਲ ਵਿੱਚ ਇੰਨਟਰਨੈਟ ਦੀ ਵਰਤੋਂ ਤੋਂ ਪਹਿਲਾਂ ਇਕੱ ਫਾਰਮ ਓਪਰ ਬੱਚੇ ਦੇ ਅਤੇ ਮਾਪਿਆਂ ਦੇ ਦਸਖਤ ਕਰਾਓਣੇ ਇੱਕ ਸਮਝੌਤੇ ਓਪਰ ਕਿ ਬੱਚਾ ਇਸ ਮੀਡੀਅਮ ਦੀ ਗਲਤ ਵਰਤੋਂ ਨਹੀਂ ਕਰੇਗਾ।

ਬੱਚਿਆਂ ਦੀਆਂ ਜ਼ਿਮੇਵਾਰੀਆਂ

- ਸਕੂਲਾਂ ਰਾਹੀਂ ਸਥਾਪਿਤ ਕੀਤੀਆਂ ਹੱਦਾਂ ਦੇ ਅੰਦਰ ਰਹਿਣਾਂ
- ਇੰਟਰਨੈਟ ਦੀ ਵਰਤੋਂ ਵੇਲੇ ਜ਼ਿਮੇਵਾਰੀ ਨਾਲ ਫੈਸਲੇ ਕਰਨੇ

ਮਾਪਿਆਂ ਦੀਆਂ ਜ਼ਿਮੇਵਾਰੀਆਂ

- ਆਪਣੇ ਬੱਚਿਆਂ ਨੂੰ ਸਮਝਾਓਣਾ ਕਿ ਓਹ ਕਦੇ ਵੀ ਆਪਣੇ ਘਰ ਦਾ ਪਤਾ, ਫੋਨ ਨੰਬਰ – ਕਿਸੇ ਨੂੰ ਵੀ ਇੰਨਟਰਨੈਟ ਰਾਹੀਂ ਨਾਂ ਦੇਣ ਅਤੇ ਇੰਨਟਰਨੈਟ ਓਪਰ ਸਿਰਫ ਓਹਨਾਂ ਲੋਕਾਂ ਨਾਲ ਹੀ ਸੰਬਧ ਜੋੜਨ ਜਿਹਨਾਂ ਨੂੰ ਪਰੀਵਾਰ ਜਾਣਦਾ ਹੋਵੇ ਅਤੇ ਓਹਨਾਂ ਓਪਰ ਸਾਰੇ ਪਰੀਵਾਰ ਦਾ ਵਿਸ਼ਵਾਸ਼ ਹੋਵੇ
- ਬੱਚਿਆਂ ਨੂੰ ਇਸ ਮੀਡੀਅਮ ਦੀਆਂ ਹੱਦਾਂ ਬਾਰੇ ਦੱਸੋ ਕਿ ਕੀ ਕਰ ਸਕਦੇ ਹਨ ਅਤੇ ਇੰਨਟਰਨੈਟ ਓਪਰ ਕੀ ਨਹੀਂ ਕਰ ਸਕਦੇ
- ਆਪ ਵੀ ਇੰਨਟਰਨੈਟ ਦੇ ਖਤਰਿਆਂ ਤੋਂ ਸੂਚਿਤ ਰਹੋ
- ਬੱਚਿਆਂ ਨੂੰ ਇਸ ਗੱਲ ਓਪਰ ਜ਼ੋਰ ਦੇ ਕੇ ਸਮਝਾਓਣਾ ਕਿ ਓਹਨਾਂ ਦੀ ਸੁਰਿਖਆ ਇੰਨਟਰਨੈਟ ਓਪਰ ਬਹੁਤ ਜ਼ਰੂਰੀ ਹੈ ਅਤੇ ਕਈ ਲੋਕ ਹੁੰਦੇ ਕੁੱਝ ਹੋਰ ਹਨ ਅਤੇ ਇੰਟਰਨੈਟ ਓਪਰ ਕੁੱਝ ਹੋਰ ਦੱਸਦੇ ਹਨ। ਹੋ ਸਕਦਾ ਹੈ ਕਿ ਦੂਸਰੇ ਪਾਸੇ ਬੱਚੇ ਨਾਲ ਦੋਸਤੀ ਵਧਾਓਣ ਲਈ ਕਹੇ ਕਿ ਮੈਂ ਇੱਕ ਲੜਕੀ ਹਾਂ ਲੇਕਿਨ ਹੋਵੇ ਇੱਕ 40 ਸਾਲਾ ਮਰਦ
- ਸਕੂਲ ਤੋਂ ਬਾਹਰ ਸਦਾ ਹੀ ਬੱਚਿਆਂ ਓਪਰ ਨਿਗਰਾਨੀ ਰੱਖੋ ਜਦੋਂ ਇੰਨਟਰਨੈਟ ਵਰਤ ਰਹੇ ਹੋਣ
- ਇਹ ਗੱਲ ਯਾਦ ਰਹੇ ਕਿ ਬੱਚੇ ਇੰਨਟਰਨੇਟ ਓਪਰ ਆਪਣੇ ਦੋਸਤ ਜਾਂ ਘਰ ਤੋਂ ਇਸ ਤਰਾਂ ਦੇ ਨਾਤੇ ਪੈਦਾ ਕਰ ਸਕਦੇ ਹਨ

ਮਾਪਿਆਂ ਲਈ ਕੁੱਝ ਸੁਝਾਓ

- ਆਪਣੇ ਘਰ ਵਿੱਚ ਕੰਪਿਊਟਰ ਉਥੇ ਰੱਖੋ ਜਿਥੇ ਸਾਰਿਆਂ ਦੀ ਕਾਫੀ ਆਵਾਜਾਈ ਹੈ, ਨਾਂ ਕਿ ਬੱਚੇ ਦੇ ਆਪਣੇ ਕਮਰੇ ਵਿੱਚ
- ਕੰਪਿਊਟਰ ਦੀ ਵਰਤੋਂ ਕਰਨ ਦੇ ਘਰ ਵਿੱਚ ਕਾਨੂੰਨ ਬਣਾਓ ਅਤੇ ਇਹਨਾਂ ਨੂੰ ਕੰਪਿਊਟਰ ਦੇ ਕੋਲ ਲਿਖ ਕੇ ਰੱਖੋ
- ਜਦੋਂ ਬੱਚਾ ਕੰਪਿਊਟਰ ਵਰਤ ਰਿਹਾ ਹੋਵੇ ਤਾਂ ਓਸ ਓਪਰ ਆਪਣੀ ਨਿਗਰਾਨੀ ਰੱਖੋ
- ਆਪਣੇ ਕੰਪਿਊਟਰ ਓਪਰ ਬੱਚੇ ਕਿਹਨਾਂ ਕਿਹਨਾਂ ਵੱਖ ਵੱਖ ਥਾਂਵਾਂ ਓਪਰ ਜਾਂਦੇ ਹਨ, ਓਹਨਾਂ ਨੂੰ ਦੇਖਦੇ ਰਹੋ
- ਆਪਣੇ ਕੰਪਿਊਟਰ ਵਿੱਚ ਤੁਸੀਂ ਇਸ ਤਰਾਂ ਦੇ ਪ੍ਰੋਗਰਾਮ ਲਗਵਾ ਸਕਦੇ ਹੋ ਜਿਹਨਾਂ ਨਾਲ ਓਹ ਗਲਤ ਥਾਂ ਨਹੀਂ ਜਾ ਸਕਦੇ

ਹੋਰ ਜਾਣਕਾਰੀ ਲਈ ਤੁਸੀਂ ਇੰਨਟਰਨੈਟ ਦੇ ਇਸ ਪਤੇ ਓਪਰ ਜਾ ਸਕਦੇ ਹੋ : www.wirekids.org